BRAMPTON Flower City
brampton.ca

media release

13 ਅਗਸਤ, 2018

## ਸਤੰਬਰ ਦੇ ਸੇਵਾ ਸੁਧਾਰ:
## ਜ਼ੂਮ ਬੋਵੇਅਰਡ ਵਿਸਤਾਰ ਅਤੇ ਘਟਿਆ ਬਾਲ ਕਿਰਾਇਆ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਸਵਾਰੀਆਂ ਨੂੰ ਸੁਰੱਖਿਅਤ ਰੂਪ ਨਾਲ, ਸਮੇਂ ਸਿਰ ਅਤੇ ਅਰਾਮ ਨਾਲ ਉੱਥੇ ਲਿਜਾਣ ਲਈ ਵਚਨਬੱਧ ਹੈ, ਜਿੱਥੇ ਉਹ ਜਾਣਾ ਚਾਹੁੰਦੇ ਹਨ। 4 ਸਤੰਬਰ ਤੋਂ ਸ਼ੁਰੂ ਕਰਦੇ ਹੋਏ, ਸਾਡੇ ਸੇਵਾ ਸੁਧਾਰਾਂ ਵਿੱਚ ਸ਼ਾਮਲ ਹਨ, ਜ਼ੂਮ ਬੋਵੇਅਰਡ (Züm Bovaird) ਵਿਸਤਾਰ ਅਤੇ ਬੱਚਿਆਂ ਲਈ ਘਟਿਆ ਹੋਇਆ PRESTO ਕਿਰਾਇਆ।

**ਸੁਰਖੀਆਂ:**

- **ਨਵੀਂ ਵਿਸ਼ੇਸ਼ਤਾ** 505 ਜ਼ੂਮ ਬੋਵੇਅਰਡ ਏਅਰਪੋਰਟ ਰੋਡ (505 Züm Bovaird Airport Road) ਵਿਸਤਾਰ ਤੋਂ ਮਲਟਨ ਗੋ ਸਟੇਸ਼ਨ (Malton GO Station)
- **ਨਵੀਂ ਵਿਸ਼ੇਸ਼ਤਾ** 27 ਰੋਬਰਟ ਪਾਰਕਿਨਸਨ (27 Robert Parkinson) ਰੂਟ, ਮਾਉਂਟ ਪਲੈਜ਼ੈਂਟ ਵਿਲੇਜ (Mount Pleasant Village) ਦਾ ਪੂਰਬ
- **ਨਵੀਂ ਵਿਸ਼ੇਸ਼ਤਾ** ਬ੍ਰੈਂਪਟਨ ਗੇਟਵੇ ਟਰਮੀਨਲ (Brampton Gateway Terminal) ਤੋਂ 54 ਕਾਉਂਟੀ ਕੋਰਟ (54 County Court) ਰੂਟ
- **ਨਵੀਂ ਵਿਸ਼ੇਸ਼ਤਾ** ਬ੍ਰੈਂਪਟਨ ਗੇਟਵੇ ਟਰਮੀਨਲ ਤੋਂ 56 ਕਿੰਗ ਨੋਲ (56 King Knoll) ਰੂਟ
- 501 ਜ਼ੂਮ ਕਵੀਨ (501 Züm Queen) ਹੁਣ ਵੌਨ ਮੈਟਰੋਪੋਲੀਟਨ ਸੈਂਟਰ ਰੈਪਿਡਵੇ ਸਟੇਸ਼ਨ (Vaughan Metropolitan Centre Rapidway Station) 'ਤੇ ਖਤਮ ਹੁੰਦਾ ਹੈ, ਟੀ.ਟੀ.ਸੀ. (TTC) ਸਬਵੇ ਨਾਲ ਸਿੱਧੇ ਕਨੈਕਸ਼ਨਾਂ ਦੇ ਨਾਲ। ਇਹ ਰੂਟ ਹੁਣ ਯੌਰਕ ਯੂਨੀਵਰਸਿਟੀ (York University) ਤੱਕ ਨਹੀਂ ਚੱਲੇਗਾ।
    - 501A/C ਜ਼ੂਮ ਕਵੀਨ (501A/C Züm Queen) ਸ਼ਾਮਲ ਕੀਤੇ ਵਾਧੂ ਸੇਵਾ ਘੰਟਿਆਂ ਦੇ ਨਾਲ ਯੌਰਕ ਯੂਨੀਵਰਸਿਟੀ ਤੱਕ ਸੇਵਾ ਜਾਰੀ ਰੱਖੇਗੀ

6 ਅਤੇ 12 ਸਾਲਾਂ ਵਿਚਕਾਰ ਉਮਰ ਦੇ ਬੱਚਿਆਂ ਲਈ PRESTO ਕਿਰਾਇਆ ਘਟਾਇਆ ਜਾਏਗਾ:

| ਕਿਰਾਇਆ ਸ਼੍ਰੇਣੀ | ਵਰਤਮਾਨ | 3 ਸਤੰਬਰ |
|---|---|---|
| **ਪ੍ਰਤੀ ਟ੍ਰਿਪ** | $2.50 | $2.00 |
| **ਹਫ਼ਤਾਵਾਰ ਪਾਸ** | $27.00 | $22.00 |
| **ਮਾਸਿਕ ਪਾਸ** | $105.00 | $84.00 |

ਹੋਰਾਂ ਰੂਟਾਂ ਵਿੱਚ ਕੁਝ ਤਬਦੀਲੀਆਂ 4 ਸਤੰਬਰ ਨੂੰ ਵੀ ਸ਼ੁਰੂ ਹੋਣਗੀਆਂ। ਪੂਰੇ ਅਪਡੇਟ bramptontransit.com 'ਤੇ ਅਤੇ ਬ੍ਰੈਂਪਟਨ ਟ੍ਰਾਂਜ਼ਿਟ ਦੇ *ਰੀਡ ਐਂਡ ਰਾਈਡ (Read & Ride)* ਪ੍ਰਕਾਸ਼ਨ ਦੇ ਨਵੇਂ ਅੰਕ ਵਿੱਚ ਵੀ ਉਪਲਬਧ ਹਨ।

ਬ੍ਰੈਂਪਟਨ ਟ੍ਰਾਂਜ਼ਿਟ ਦਾ ਗਾਹਕ ਚਾਰਟਰ (Customer Charter) 2018 ਸੇਵਾ ਯੋਜਨਾ (2018 Service Plan) ਨੂੰ ਲਾਗੂ ਕਰਨ ਲਈ ਵਚਨਬੱਧ ਹੈ, ਜਿਸ ਵਿੱਚ 65,000 ਸੇਵਾ ਦੇ ਘੰਟੇ ਜੋੜਨਾ ਸ਼ਾਮਲ ਹੈ – ਇਹਨਾਂ ਵਿੱਚੋਂ ਜ਼ਿਆਦਾਤਰ ਸਤੰਬਰ ਦੀਆਂ ਸੇਵਾ ਤਬਦੀਲੀਆਂ ਦਾ ਭਾਗ ਹਨ। ਗਾਹਕ ਚਾਰਟਰ ਬਾਰੇ bramptontransit.com ‘ਤੇ ਹੋਰ ਪੜ੍ਹੋ, ਜਾਂ ਸਮੇਂ ਸਿਰ ਕੰਮ ਅੱਗੇ ਕਿਵੇਂ ਵਧ ਰਿਹਾ ਹੈ, ਇਸ ਬਾਰੇ brampton.ca/citydashboard ‘ਤੇ ਜਾਓ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।